ਨੰ : ਸੀ. ਸਹਾਇਕ (ਅਮਲਾ)/ ਸੰ:ਰ:ਜ:/ ............... ਮਿਤੀ ...........
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਵੱਲ,

1. ਸ੍ਰੀ ਪ੍ਰਦੀਪ ਸਿੰਘ ਪੁੱਤਰ ਸ੍ਰੀ ਕਿਰਪਾਲ ਸਿੰਘ,
ਪਿੰਡ ਤੇ ਡਾਕ: ਉੱਗੀ, ਤਹਿ: ਨਕੋਦਰ, ਜ਼ਿਲ੍ਹਾ ਜਲੰਧਰ - 144623.
2. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ),
ਸਹਿਕਾਰੀ ਸਭਾਵਾਂ, ਜਲੰਧਰ।

ਵਿਸ਼ਾ :- ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 19 ਤਹਿਤ ਅਪੀਲ। (ਵਲੋਂ ਸ੍ਰੀ ਪ੍ਰਦੀਪ ਸਿੰਘ)।

ਹਾਜਰੀ ਮਿਤੀ : 16.01.2019 :

1. ਸ੍ਰੀ ਪ੍ਰਦੀਪ ਸਿੰਘ, ਅਪੀਲਕਰਤਾ,
2. ਸ੍ਰੀ ਸਿਕੰਦਰ ਪਾਲ, ਸੀਨੀਅਰ ਸਹਾਇਕ ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਨਕੋਦਰ।

ਹੁੱਕਮ :

ਮਿਸਲ ਸੁਣਵਾਈ ਲਈ ਪੇਸ਼ ਹੋਈ। ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ - 2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਮਿਤੀ : 23.10.2018 ਰਾਹੀਂ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਨਕੋਦਰ ਅਤੇ ਦਰਖਾਸਤ ਮਿਤੀ : 01.11.2018 ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਪਾਸੋਂ ਦੀ ਉੱਗੀ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸੇਵਾ ਸਭਾ ਲਿਮ:, ਉੱਗੀ, ਤਹਿ: ਨਕੋਦਰ, ਜ਼ਿਲ੍ਹਾ ਜਲੰਧਰ ਨਾਲ ਸਬੰਧਤ ਸੂਚਨਾ ਉਸਨੂੰ ਅਧੂਰੀ ਪ੍ਰਾਪਤ ਹੋਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ। ਅਪੀਲ ਅਨੁਸਾਰ ਅਪੀਲਕਰਤਾ ਵਲੋਂ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਨਕੋਦਰ ਨੂੰ ਦਿੱਤੀ ਗਈ ਦਰਖਾਸਤ ਮਿਤੀ : 23.10.2018 ਦੇ ਹਵਾਲੇ ਵਿੱਚ ਸਹਾਇਕ ਰਜਿਸਟਰਾਰ ਵਲੋਂ ਉਨ੍ਹਾਂ ਦੇ ਪੱਤਰ ਨੰ : 1355, ਮਿਤੀ : 30.10.2018 ਰਾਹੀਂ ਅਪੀਲਕਰਤਾ ਨੂੰ ਦਰਖਾਸਤ ਅਤੇ ਪੋਸਟਲ ਵਾਪਸ ਭੇਜਦੇ ਹੋਏ ਲਿਖਿਆ ਗਿਆ ਕਿ ਦਰਖਾਸਤ ਅਤੇ ਪੋਸਟਲ ਆਰਡਰ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਨੂੰ ਭੇਜਿਆ ਜਾਵੇ। ਅਪੀਲਕਰਤਾ ਵਲੋਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਨੂੰ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਮਿਤੀ : 01.11.2018 ਦੇ ਹਵਾਲੇ ਵਿੱਚ ਪ੍ਰਧਾਨ, ਦੀ ਉੱਗੀ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸੇਵਾ ਸਭਾ ਲਿਮ:, ਉੱਗੀ, ਤਹਿ: ਨਕੋਦਰ ਵਲੋਂ ਜਾਰੀ ਪੱਤਰ ਸਪਲਾਈ ਕੀਤਾ ਗਿਆ, ਜਿਸ ਅਨੁਸਾਰ ਸਭਾ ਵਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਜੀ ਵਲੋਂ ਸਿਵਲ ਰਿੱਟ ਪਟੀਸ਼ਨ ਨੰ : 5836 ਆਫ 2012 ਸਬੰਧੀ ਜਾਰੀ ਹੁੱਕਮ ਮਿਤੀ : 28.03.2012, ਮਾਨਯੋਗ ਸਟੇਟ

.......2......

ਇਨਫਰਮੇਸ਼ਨ ਕਮਿਸ਼ਨਰ, ਪੰਜਾਬ, ਚੰਡੀਗੜ੍ਹ ਜੀ ਵਲੋਂ ਜਾਰੀ ਮਿਤੀ: 06.11.2012 ਅਤੇ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਜਾਰੀ ਹੁੱਕਮ ਮਿਤੀ : 07.10.2013 ਦਾ ਹਵਾਲਾ ਦਿੰਦੇ ਹੋਏ ਲਿਖਿਆ ਕਿ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਉਸਨੂੰ ਸਪਲਾਈ ਨਹੀਂ ਕੀਤੀ ਜਾ ਸਕਦੀ।

ਉਕਤ ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ: 09.01.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਦੋਵੇਂ ਧਿਰਾਂ ਹਾਜਰ ਆਈਆਂ। ਦਰਖਾਸਤਕਾਰ ਵਲੋਂ ਦਿੱਤੀ ਗਈ ਦਰਖਾਸਤ ਮਿਤੀ : 01.11.2018 ਦੇ ਲੜੀ ਨੰ: 01, 04 ਅਤੇ 05 ਅਨੁਸਾਰ ਮੰਗੀ ਗਈ ਸੂਚਨਾ ਲੋਕ ਹਿੱਤ ਵਿੱਚ ਅਪੀਲਕਰਤਾ ਨੂੰ ਸਪਲਾਈ ਕੀਤੀ ਜਾਣੀ ਜ਼ਰੂਰੀ ਹੈ, ਜਿਸ ਕਾਰਨ ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਅਤੇ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਨਕੋਦਰ ਨੂੰ ਹਦਾਇਤ ਕੀਤੀ ਗਈ ਕਿ ਦਰਖਾਸਤ ਦੇ ਲੜੀ ਨੰ : 01, 04 ਅਤੇ 05 ਅਨੁਸਾਰ ਮੰਗੀ ਗਈ ਸੂਚਨਾ ਅਪੀਲਕਰਤਾ ਨੂੰ ਅਪੀਲ ਦੀ ਅਗਲੀ ਸੁਣਵਾਈ ਦੀ ਮਿਤੀ : 16.01.2019 ਤੱਕ ਭੇਜ ਕੇ ਇਸ ਨਾਲ ਸਬੰਧਤ ਰੀਕਾਰਡ ਪੇਸ਼ ਕੀਤਾ ਜਾਵੇ। ਇਸ ਤੋਂ ਇਲਾਵਾ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਨਕੋਦਰ ਨੂੰ ਹਦਾਇਤ ਕੀਤੀ ਗਈ ਦਰਖਾਸਤ ਦੇ ਲੜੀ ਨੰ : 03 ਸਬੰਧੀ ਵੈਰੀਫਿਕੇਸ਼ਨ ਕਰਕੇ ਅਪੀਲ ਦੀ ਅਗਲੀ ਸੁਣਵਾਈ ਦੌਰਾਨ ਇਸ ਬਾਰੇ ਰਿਪੋਰਟ ਪੇਸ਼ ਕੀਤੀ ਜਾਵੇ।

ਮਿਤੀ : 16.01.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਨਕੋਦਰ ਵਲੋਂ ਅਪੀਲਕਰਤਾ ਦੀ ਦਰਖਾਸਤ ਮਿਤੀ : 01.11.2018 ਦੇ ਲੜੀ ਨੰ : 01, 04 ਅਤੇ 05 ਅਨੁਸਾਰ ਮੰਗੀ ਗਈ ਸੂਚਨਾ ਮੌਕੇ ਤੇ ਅਪੀਲਕਰਤਾ ਨੂੰ ਡਲਿਵਰ ਕਰਵਾ ਦਿੱਤੀ ਗਈ। ਇਸ ਤੋਂ ਇਲਾਵਾ ਦਰਖਾਸਤ ਦੇ ਲੜੀ ਨੰ : 03 ਸਬੰਧੀ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਨਕੋਦਰ ਵਲੋਂ ਕੀਤੀ ਗਈ ਵੈਰੀਫਿਕੇਸ਼ਨ ਸਬੰਧੀ ਰਿਪੋਰਟ ਦੀ ਕਾਪੀ ਵੀ ਮੌਕੇ ਤੇ ਅਪੀਲਕਰਤਾ ਨੂੰ ਡਲਿਵਰ ਕਰਵਾ ਦਿੱਤੀ ਗਈ।

ਮਿਤੀ : 16.01.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਨੂੰ ਉਪਲਬੱਧ ਕਰਵਾਈ ਗਈ ਸੂਚਨਾ ਬਾਰੇ ਤੋਂ ਸੰਤੁਸ਼ਟ ਹੋਣ ਬਾਰੇ ਪੁੱਛਿਆ ਗਿਆ ਤਾਂ ਅਪੀਲਕਰਤਾ ਨੇ ਲਿਖ ਕੇ ਦਿੱਤਾ ਕਿ ਜੋ ਜਵਾਬ ਉਸਨੂੰ ਪ੍ਰਾਪਤ ਹੋਇਆ ਹੈ, ਉਸ ਵਿੱਚ ਉਸਨੂੰ ਸੰਤੁਸ਼ਟੀ ਕਰਨ ਲਈ ਇਸਦੀ ਵੈਰੀਫਿਕੇਸ਼ਨ ਕਰਨੀ ਪਵੇਗੀ। ਫਿਰ ਬਾਦ ਵਿੱਚ ਹੀ ਉਹ ਦੱਸ ਸਕਦਾ ਹੈ ਕਿ ਉਸਦੀ ਸੰਤੁਸ਼ਟੀ ਹੈ ਜਾਂ ਨਹੀ? ਅਪੀਲਕਰਤਾ ਨੂੰ ਇਸਦੀ ਵੈਰੀਫਿਕੇਸ਼ਨ ਕਰਕੇ ਮੌਕੇ ਤੇ ਦੱਸਣ ਲਈ ਕਿਹਾ ਗਿਆ, ਪਰੰਤੂ ਅਪੀਲਕਰਤਾ ਵਲੋਂ ਕੁਝ ਨਹੀਂ ਦੱਸਿਆ ਗਿਆ।

ਦਰਖਾਸਤਕਾਰ ਵਲੋਂ ਸੂਚਨਾ ਲੈਣ ਵਾਸਤੇ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਨੂੰ ਦਿੱਤੀ ਗਈ ਦਰਖਾਸਤ ਮਿਤੀ : 01.11.2018 ਦੇ ਲੜੀ ਨੰ : 01, 03, 04 ਅਤੇ 05 ਨਾਲ ਸਬੰਧਤ ਸੂਚਨਾ, ਜੋ ਲੋਕ ਹਿੱਤ ਵਿੱਚ ਅਪੀਲਕਰਤਾ ਨੂੰ ਸਪਲਾਈ ਕਰਵਾਉਣੀ ਜ਼ਰੂਰੀ ਸੀ, ਮਿਤੀ : 16.01.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਨੂੰ ਉਪਲਬੱਧ ਕਰਵਾਈ ਜਾ ਚੁੱਕੀ ਹੈ। ਉੱਕਤ ਨੂੰ ਮੁੱਖ ਰੱਖਦੇ ਹੋਏ ਅਪੀਲ ਡਿਸਪੋਜ਼ ਆਫ ਕੀਤੀ ਜਾਂਦੀ ਹੈ।

ਮਿਤੀ : 16.01.2019.

(ਐਪੀਲਾਂਟ ਅਥਾਰਟੀ)
ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਨੰ : ਸੀ. ਸਹਾਇਕ (ਅਮਲਾ)/ਆਰ. ਟੀ. ਆਈ. ਅਪੀਲ/ਸੰ:ਰ:ਜ:/......... ਮਿਤੀ : ...........
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

ਵਿਸ਼ਾ :- ਆਰ. ਟੀ. ਆਈ. ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

**ਯਾਦ ਪੱਤਰ :**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਪ੍ਰਦੀਪ ਸਿੰਘ ਪੁੱਤਰ ਸ੍ਰੀ ਕਿਰਪਾਲ ਸਿੰਘ, ਪਿੰਡ ਤੇ ਡਾਕ: ਉੱਗੀ, ਤਹਿ: ਨਕੋਦਰ, ਜ਼ਿਲ੍ਹਾ ਜਲੰਧਰ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ ਸੀ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 16.01.2019 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ .ਟੀ .ਆਈ .ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ੍ਹ ਜੀ ਵਲੋਂ ਜਾਰੀ ਪੱਤਰ ਨੰ : ਅੰ. ਵਿ. ਪੱ ਨੰ: 51/8/2014/2 ਆਰ. ਟੀ. ਆਈ. ਐਨ. ਸੀ. / 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ. ਟੀ. ਆਈ. / 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਪ੍ਰਦੀਪ ਸਿੰਘ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 16.01.2019 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।